# ਵੀਹਵੀਂ ਸਦੀ ਦੀ ਪੰਜਾਬੀ ਕਵਿਤਾ: ਵਿਚਾਰ ਤੇ ਵਿਸ਼ਲੇਸ਼ਣ

ਪੰਜਾਬੀ ਸਾਹਿਤ ਵਿਚ ਆਲੋਚਨਾ ਦਾ ਸਾਹਿਤ ਇਕ ਵਿਧੀ ਦੇ ਤੌਰ 'ਤੇ ਪ੍ਰਵੇਸ਼ ਕਰ ਗਿਆ ਹੈ। ਇਹ ਇਕ ਬੜਾ ਹੀ ਸਕਾਰਾਤਮਕ ਹੈ। ਯੂਨੀਵਰਸਿਟੀਆਂ ਵਿਚ ਪੰਜਾਬੀ ਦੀ ਉੱਚ ਵਿਦਿਆ ਨੇ ਆਲੋਚਨਾ ਨੂੰ ਨਵੀਆਂ ਦਿਸ਼ਾਵਾਂ ਦਿੱਤੀਆਂ ਹਨ। ਸੰਸਾਰ ਦੇ ਸਾਹਿਤ ਨਾਲ ਤੁਲਨਾਤਮਕ ਅਧਿਐਨ ਦਾ ਮੌਕਾ ਪ੍ਰਦਾਨ ਕੀਤਾ ਹੈ। ਸਾਹਿਤ ਦੇ ਰੁਝਾਣ ਅਤੇ ਸਾਹਿਤ ਦੀ ਪਹਿਚਾਣ ਇਕ ਦਾਰਸ਼ਨਿਕ ਨਜ਼ਰੀਏ ਤੋਂ ਹੋਣ ਲੱਗੀ ਹੈ। ਇਸ ਸੰਦਰਭ ਵਿਚ ਡਾ. ਮਨਜੀਤ ਸਿੰਘ ਦੀ ਪੁਸਤਕ ਵੀਹਵੀਂ ਸਦੀ ਦੀ ਪੰਜਾਬੀ ਕਵਿਤਾ: ਵਿਚਾਰ ਤੇ ਵਿਸ਼ਲੇਸ਼ਣ ਡਾ. ਮਨਜੀਤ ਸਿੰਘ, ਆਰਸੀ ਪਬਲਿਸ਼ਰਜ਼, ਦਿੱਲੀ, ਮੁੱਲ 125 ਰੁਪਏ ਪੰਨੇ: 216 ਦਾ ਜ਼ਿਕਰ ਕਰਨਾ ਵੀ ਤੇ ਉਹਦਾ ਸਵਾਗਤ ਕਰਨਾ ਬਣਦਾ ਹੈ। ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਦੀ ਆਲੋਚਨਾਤਮਕ ਦ੍ਰਿਸ਼ਟੀ ਤੋਂ ਪਹਿਚਾਣ ਇਸ ਕਿਤਾਬ ਦੀ ਪ੍ਰਾਪਤੀ ਹੈ। ਇਹਦੇ 23 ਕਾਂਡ ਇਸ ਕਥਨ ਦੇ ਪ੍ਰਮਾਣ ਹਨ: ਭਾਈ ਵੀਰ ਸਿੰਘ ਦੀ ਕਵਿਤਾ ਦੇ ਵਿਕਾਸ ਪੜਾਅ ਪ੍ਰੋਫੈਸਰ ਪੂਰਨ ਸਿੰਘ ਦੀ ਕਵਿਤਾ ਪੂਰਨ ਨਾਥ ਜੋਗੀ ਦਾ ਤੁਲਨਾਤਮਕ ਅਧਿਐਨ, ਧਨੀਰਾਮ ਚਾਤ੍ਰਿਕ ਦਾ ਕਾਵਿ-ਚਿੰਤਨ, ਨਾਨਕ ਸਿੰਘ ਦੀ ਕਾਵਿ ਦ੍ਰਿਸ਼ਟੀ, ਡਾ. ਦੀਵਾਨ ਸਿੰਘ ਕਾਲੇਪਾਣੀ- ਇਕ ਮਾਨਵਾਦੀ ਕਵੀ, ਬਾਵਾ ਬਲਵੰਤ-ਜੀਵਨ, ਰਚਨਾ ਅਤੇ ਪੰਜਾਬੀ ਕਾਵਿ-ਸਾਹਿਤ ਵਿਚ ਸਥਾਨ, ਪ੍ਰੋ. ਮੋਹਨ ਸਿੰਘ ਦਾ ਜੀਵਨ ਅਤੇ ਉਨ੍ਹਾਂ ਦੀ ਕਵਿਤਾ ਦੇ ਮੂਲ ਸਰੋਕਾਰ, ਅੰਮ੍ਰਿਤਾ ਪ੍ਰੀਤਮ-ਪੰਜਾਬੀਆਂ ਦਾ ਮਾਣ, ਡਾ. ਹਰਿਭਜਨ ਸਿੰਘ ਦੀ ਪੁਸਤਕ 'ਤਾਰ ਤੁਪਕਾ': ਵਿਸ਼ਾ ਤੇ

**ਸਮੀਖਿਆ ਲੇਖ**

ਰੂਪ, ਸ਼ਿਵ ਕੁਮਾਰ ਬਟਾਲਵੀ ਦਾ ਵਿਸ਼ੇਗਤ ਅਧਿਐਨ, ਸ਼ਿਵ ਕੁਮਾਰ ਦੀ ਕਾਵਿ ਕਲਾ, ਡਾ. ਵਿਸ਼ਵਾ ਨਾਥ ਤਿਵਾੜੀ ਦਾ ਕਾਵਿ ਲੋਕ, ਡਾ. ਵਿਸ਼ਵਾ ਨਾਥ ਤਿਵਾੜੀ ਦੀ ਕਵਿਤਾ ਵਿਚ ਇਕਲਾਪੇ ਦੀ ਸੁਰ, ਡਾ. ਜਗਤਾਰ: ਸਮੇਂ ਦੇ ਹਾਣ ਦਾ ਕਵੀ, ਸੁਰਜੀਤ ਪਾਤਰ ਦੀ ਕਾਵਿ ਚੇਤਨਾ, ਆਧੁਨਿਕ ਪੰਜਾਬੀ ਕਵਿਤਾ ਵਿਚ ਕੌਮੀ ਏਕਤਾ ਦੀ ਭਾਵਨਾ, ਆਧੁਨਿਕ ਪੰਜਾਬੀ ਕਵਿਤਾ ਅਤੇ ਆਜ਼ਾਦੀ ਦੇ ਪੰਜਾਹ ਵਰ੍ਹੇ, ਇਕ ਪੁਨਰ ਵਿਵੇਚਨ, ਭਾਰਤ ਦੀ ਸੁੰਤਤਰਤਾ ਤੋਂ ਬਾਅਦ ਦੀ ਪੰਜਾਬੀ ਕਵਿਤਾ ਦੀਆਂ ਪ੍ਰਮੁੱਖ ਪ੍ਰਵਿਰਤੀਆਂ, ਪੰਜਾਬੀ ਕਵਿਤਾ ਵਿਚ ਗਾਂਧੀ ਬਿੰਬ, ਖੁੱਲ੍ਹੀ ਪੰਜਾਬੀ ਕਵਿਤਾ ਅਤੇ ਸਮਕਾਲੀਨ ਬੋਧ, ਅਜੋਕੀ ਪੰਜਾਬੀ ਕਵਿਤਾ ਅਤੇ ਪੰਜਾਬ-ਸੰਤਾਪ, ਪ੍ਰਗਤੀਵਾਦ: ਪਰਿਭਾਸ਼ਾ, ਸਿਧਾਂਤ ਅਤੇ ਇਤਿਹਾਸ ਅਤੇ ਅਸਤਿੱਤਵਾਦ: ਪਰਿਭਾਸ਼ਾ, ਸਿਧਾਂਤ ਅਤੇ ਇਤਿਹਾਸ।

ਇਹ ਕਿਹਾ ਜਾ ਸਕਦਾ ਹੈ ਕਿ ਪਾਠਕ ਦੇ ਹੱਥ ਵਿਚ ਇਕ ਐਸੀ ਕਿਤਾਬ ਹੈ, ਜਿਹੜੀ ਵਿਸਥਾਰ ਨਾਲ ਸਥਾਪਤ ਕਵੀਆਂ ਦੀ ਕਾਵਿ ਕਲਾ ਦਾ ਵਿਸ਼ਲੇਸ਼ਣਾਤਮਕ ਅਧਿਐਨ ਮੁਹੱਈਆ ਕਰਦੀ ਹੈ। ਡਾ. ਮਨਜੀਤ ਸਿੰਘ ਦੀਆਂ ਆਪਣੀਆਂ ਰਾਵਾਂ ਹਨ, ਧਾਰਨਾਵਾਂ ਹਨ। ਉਨ੍ਹਾਂ ਨਾਲ ਧਾਰਨਾਵਾਂ ਦੀ ਪੁਸ਼ਟੀ ਲਈ ਕਵੀਆਂ ਦੀਆਂ ਰਚਨਾਵਾਂ ਤੋਂ ਮਿਸਾਲਾਂ ਆਪਣੀ ਟੈਕਸਟ ਵਿਚ ਸ਼ਾਮਲ ਕਰਦਾ ਹੈ। ਬਾਵਾ ਬਲਵੰਤ ਦੇ ਕਾਂਡ ਵਿਚ ਡਾ. ਮਨਜੀਤ ਸਿੰਘ ਆਪਣੀ ਆਲੋਚਨਾ ਦ੍ਰਿਸ਼ਟੀ ਨੂੰ ਸਿਖਰਾਂ ਤਕ ਪੁਚਾਂਦੇ ਹੋਏ ਤੁਹਾਨੂੰ ਇਹ ਅਹਿਸਾਸ ਕਰਵਾ ਦੇਂਦਾ ਹੈ, ਜਿਸ ਤਰ੍ਹਾਂ ਬਾਵਾ ਬਲਵੰਤ ਆਪਣੇ ਫਕੀਰਾਨਾ ਅੰਦਾਜ਼ ਵਿਚ ਤੁਹਾਡੇ ਸਾਹਮਣੇ ਖੜ੍ਹਾ ਹੈ। ਉਹ ਤੁਹਾਨੂੰ ਆਖ ਰਿਹਾ ਹੈ:

*ਕੋਈ ਜਾਗੇ, ਕੋਈ ਨਾ ਜਾਗੇ,*
*ਕੁੱਕੜਾਂ ਤਾਂ ਬਾਂਗ ਦੇਵਣੀ।*
*ਬੋਲੀਆਂ (ਅਮਰ ਗੀਤ)*

ਬਾਵਾ ਬਲਵੰਤ ਇਤਿਹਾਸ ਅਤੇ ਮਿਥਿਹਾਸ ਦੇ ਪ੍ਰਸੰਗ ਵਿਚ ਜੋ ਸਮਾਜਕ ਚੋਭ ਲਾਉਣ ਦੀ ਦਰਵੇਸ਼ਾਂ ਵਾਲੀ ਵਿਸ਼ੇਸ਼ਤਾ ਰੱਖਦਾ ਹੈ, ਡਾ. ਮਨਜੀਤ ਸਿੰਘ ਦੇ ਉਹ ਦ੍ਰਿਸ਼ਟੀਗੋਚਰ ਹੈ:-

*ਰਾਮ ਚੰਦਰ ਦਾ ਮਹਾਂ ਸੈਨਾਪਤੀ,*
*ਪਵਨ-ਪੁੱਤਰ ਬਣ ਕੇ ਲੁਕ ਸਕਦਾ ਨਹੀਂ।*
*ਕੌਣ ਹੈ ਸੀਤਾ ਦੀ ਮਾਂ?*
*ਕੌਣ ਹੈ ਉਸ ਦਾ ਪਿਤਾ?*
*ਕੀ ਪਤਾ!*
*ਪਰ ਹੈ ਉਹ ਦੇਵੀ*
*ਸਦਾ।*
*ਫੇਰ ਈਸਾ ਦਾ*
*ਪਿਤਾ ਕੋਈ ਨਹੀਂ,*
*ਜਾਂ ਪਤਾ ਕੋਈ*
*ਨਹੀਂ।*
*ਫੇਰ ਵੀ ਅਵਤਾਰ,*
*ਪੈਗੰਬਰ ਹੈ ਉਹ।*
*ਠੀਕ ਹੋਵੇਗਾ ਪਿਤਾ*
*ਬੁਜ਼ਦਿਲ ਮੇਰਾ*
*ਕਰਨ, ਈਸਾ ਦੇ*
*ਪਿਤਾ ਵਾਂਗ ਹੀ*
*ਡਰ ਗਿਆ ਹੋਸੀ*
*ਸਮਾਜੀ ਭੂਤ ਤੋਂ।*
*ਮੈਂ ਵੀ ਹੋ ਸਕਦਾ*
*ਹਾਂ, ਇਸ ਦੁਨੀਆਂ 'ਚ*
*ਕੁਝ*
*ਕਰਨ ਜਾਂ ਈਸਾ*
*ਕਦੀ।*
*ਹ ਰ ਾ ਮ ੀ*
*(ਜਵਾਲਾਮੁਖੀ)*




ਡਾ. ਮਨਜੀਤ ਸਿੰਘ, ਜਦੋਂ ਬਾਵਾ ਬਲਵੰਤ ਸਿੰਘ ਦੀ ਕਾਵਿ ਕਲਾ ਦੀ ਪਹਿਚਾਣ ਕਰਵਾਉਂਦਾ ਹੈ ਤਾਂ ਉਹਦੇ ਕਥਨ ਦਾ ਪੂਰਾ ਸੱਚ ਤੁਸੀਂ ਕਬੂਲਦੇ ਹੋ: ਬਾਵਾ ਬਲਵੰਤ ਦਾ ਪੰਜਾਬੀ ਕਾਵਿ ਸਾਹਿਤ 'ਚ ਨਿਵੇਕਲਾ ਸਥਾ ਹੈ। ਉਸ ਦੀ ਕਾਵਿ-ਰਚਨਾ ਉੱਚ-ਪਾਇ ਦੀ ਹੈ ਜੋ ਉਸ ਨੂੰ ਪੰਜਾਬੀ ਕਾਵਿ ਜਗਤ ਵਿਚ ਹਮੇਸ਼ਾ ਅਮਰ ਰੱਖੇਗੀ।

ਪ੍ਰੋ. ਮੋਹਨ ਸਿੰਘ ਬਾਰੇ ਵੀ ਡਾਂ. ਮਨਜੀਤ ਸਿੰਘ ਉਹਦੀਆਂ ਕਵਿਤਾਵਾਂ ਦੀਆਂ ਟੂਕਾਂ ਦੇ ਕੇ ਕੁਝ ਨਤੀਜੇ ਕੱਢਦਾ ਹੈ:

*ਪਾਟੀ ਕਿਰਤ ਗੁਲਾਮੀ ਕੱਟਦੀ*
*ਜੁੜੀ ਜਿੱਤੇ ਬ੍ਰਹਿਮੰਡ ਓ ਯਾਰ।*
*ਦਾਤੀਆਂ ਕਲਮਾਂ ਅਤੇ ਹਥੌੜੇ*
*'ਕੱਠੇ ਕਰ ਲਓ ਸੰਦ ਓ ਯਾਰ।*
*ਤਗੜੀ ਇਕ ਤ੍ਰਿਸ਼ੂਲ ਬਣਾਓ*
*ਯੁੱਧ ਕਰੋ ਪਰਚੰਡ ਓ ਯਾਰ।*
*ਜੈ-ਜੈ ਕਾਰ ਕਿਰਤ ਦੀ ਹੋਵੇ*
*ਲੱਗੇ ਜ਼ੁਰਮ ਦੀ ਕੰਡ ਓ ਯਾਰ*
*(ਵੱਡਾ ਵੇਲਾ)*

ਪ੍ਰੋ. ਮੋਹਨ ਸਿੰਘ ਬਾਰੇ ਨਿਸ਼ਕਰਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਉਹਦਾ ਆਧੁਨਿਕ ਪੰਜਾਬੀ ਕਵਿਤਾ ਵਿਚ ਵਿਸ਼ੇਸ਼ ਸਥਾਨ ਹੈ। ਉਹਦੀਆਂ ਕਾਵਿ ਕਲਾ ਵਿਚ ਕਵਿਤਾਵਾਂ, ਗੀਤ, ਗਜ਼ਲਾਂ, ਬੈਲ ਦੇ ਰੂਪ ਮਿਲਦੇ ਹਨ। ਨਿਜੀ ਵੇਦਨਾ ਵੀ ਹੈ ਪਰ ਉਹਦੀ ਕਵਿਤਾ ਵਿਚ ਲੋਕ ਪੀੜ ਦੀ ਹੇਕ ਹੈ ਜੋ ਉਹਨੂੰ ਲੋਕਾਂ ਦੇ ਨੇੜੇ ਲਿਆਉਂਦੀ ਹੈ। ਸਮਾਜਕ ਚੇਤਨਾ ਨੂੰ ਪ੍ਰਚੰਡ ਕਰਦੀ ਹੈ।

ਪ੍ਰਗਤੀਵਾਦ ਦੀ ਪ੍ਰੀਭਾਸ਼ਾ, ਸਿਧਾਂਤ ਅਤੇ ਇਤਿਹਾਸ ਬਾਰੇ ਡਾ. ਮਨਜੀਤ ਸਿੰਘ ਦਾ ਅਧਿਆਇ ਬੜੀ ਵਿਸ਼ੇਸ਼ ਜਾਣਕਾਰੀ ਦੇਂਦਾ ਹੈ। ਅਰਸਤੂ, ਹੀਗਲ ਅਤੇ ਮਾਰਕਸ ਦੇ ਫਲਸਫਿਆਂ ਨੂੰ ਦੱਸਦੇ ਹੋਏ ਪ੍ਰਗਤੀਵਾਦ ਦਾ ਮੂਲ ਸਥਾਪਤ ਕੀਤਾ ਗਿਆ ਹੈ। ਸਾਹਿਤ ਵਿਚ ਇਹ ਅਗਾਂਹਵਧੂ ਕਦਰਾਂ-ਕੀਮਤਾਂ ਨੂੰ ਅਪਨਾਉਂਦੇ ਹੋਏ ਇਸ ਕ੍ਰਾਂਤੀਕਾਰੀ ਯਤਨਾਂ ਨਾਲ ਬਦਲਣ ਅਤੇ ਸਮਾਜਕ ਬਰਾਬਰੀ ਦਾ ਹੋਕਾ ਦੇਂਦਾ ਹੈ। ਇਹ ਹੋਕਾ ਗ਼ਦਰ ਕਵਿਤਾ ਵਿਚ ਵੀ ਸੀ ਅਤੇ ਆਧੁਨਿਕ ਕਵਿਤਾ ਵਿਚ ਵੀ ਹੈ:

*ਮੇਰਾ ਯੁਗ ਆਇਆ ਹੈ,*
*ਕੋਈ ਰੋਕ ਪਾ ਸਕਦਾ ਨਹੀਂ।*
*ਇਸ ਮਹਾਰਾਣੀ ਦੀ ਹਸਤੀ ਨੂੰ ਬਚਾ ਸਕਦਾ ਨਹੀਂ।*
*ਜ਼ੋਰ ਤੋਂ ਚਲਦੇ ਸਮੇਂ ਦਾ ਪਹੀਆ ਰੁਕ ਸਕਦਾ ਨਹੀਂ।*
*ਇਸ ਦਵੰਦ ਦੀ ਨਜ਼ਰ ਤੋਂ ਕੋਈ ਲੁਕ ਸਕਦਾ ਨਹੀਂ।*

-ਬਾਵਾ ਬਲਵੰਤ

*ਇਕ ਪਾਸੇ ਖੜ੍ਹਾ ਨਜ਼ਾਮ ਏ,*
*ਸਾਮਰਾਜੀ ਉਹਦੇ ਸੰਗ।*
*ਦੂਜੇ ਪਾਸੇ ਖੜ੍ਹੀ, ਮਚੀ*
*ਚਾਨਣ ਨੇਹੁ ਦੀ ਜੰਗ।*
*(ਪਿਆਰਾ ਸਿੰਘ ਸਹਿਰਾਈ)*

*ਉੱਤਰ ਪ੍ਰਗਤੀਵਾਦ ਵੀ*
*ਡਾ. ਮਨਜੀਤ ਸਿੰਘ ਨੇ ਪ੍ਰੀਭਾਸ਼ਤ ਕੀਤਾ* ਹੈ:

*ਤੁਸੀਂ ਪਰਕਾਰ ਵਾਂਗੂ*
*ਦਾਇਰਿਆਂ ਵਿਚ ਨੇ ਘਿਰੇ ਰਹਿਣਾ*
*ਤਾਂ ਸਾਡੀ ਅਲਵਿਦਾ*
*ਅਸੀਂ ਇਕ ਮੀਲ ਪੱਥਰ ਵਾਂਗ*
*ਗੱਡੇ ਰਹਿਣ ਵਿਚ ਵਿਸ਼ਵਾਸ ਨਹੀਂ ਕਰਦੇ।*

-ਜਗਤਾਰ

*ਜਦੋਂ ਬੰਦੂਕ ਨਾ ਹੋਈ ਉਦੋਂ*
*ਤਲਵਾਰ ਹੋਵੇਗੀ,*
*ਜਦੋਂ ਤਲਵਾਰ ਨਾ ਹੋਈ ਲੜਨ*
*ਦੀ ਲਗਨ ਹੋਵੇਗੀ।*
*ਲੜਣ ਦੀ ਜਾਚ ਨਾ ਹੋਈ*
*ਲੜਨ ਦੀ ਲਗਨ ਹੋਵੇਗੀ।*
*ਤੇ ਅਸੀਂ ਲੜਾਂਗੇ ਸਾਥੀ।*

-ਪਾਸ਼

*ਇਕ ਤਲਵਾਰ ਮੇਰੀ ਡੋਲੀ ਵਿਚ*
*ਰੱਖ ਦਿਉ, ਹੋਰ ਵੀਰੋ ਦਿਉ ਨਾ ਵੇ ਦਾਜ*
*ਸਾਡੇ ਵੱਲ ਕੈਰੀ ਅੱਖ ਝਾਕ ਨਾ ਵੇ ਸਕੇ,*
*ਸਾਡਾ ਰਸਮੀ ਤੇ ਵਹਿਮੀ ਏ ਸਮਾਜ*

-ਸੰਤ ਰਾਮ ਉਦਾਸੀ

ਅਸਤਿਤਵਵਾਦ ਵਾਲਾ ਅਧਿਆਏ ਤਾਂ ਸਾਡਾ ਵਿਸ਼ੇਸ਼ ਧਿਆਨ ਖਿੱਚਦਾ ਹੈ। ਇਸ ਔਖੇ ਵਾਦ ਨੂੰ ਡਾ. ਮਨਜੀਤ ਸਿੰਘ ਨੇ ਜਿਸ ਤਰ੍ਹਾਂ ਪਾਠਕਾਂ ਅੱਗੇ ਪੇਸ਼ ਕੀਤਾ ਹੈ ਉਹ ਉਹਦੀ ਡੂੰਘੀ ਸੂਝ ਦਾ ਜ਼ਾਮਨੀ ਹੈ।

ਕਿਰਕੇਸਾਰਦ, ਨੀਤਸ਼ੇ ਤੇ ਸਾਰਤਰੇ ਦੀ ਦਾਰਸ਼ਨਿਕ ਪਹੁੰਚ ਨੂੰ ਆਪਣੀ ਦ੍ਰਿਸ਼ਟੀ ਵਿਚ ਲਿਆਉਂਦੇ ਹੋਏ ਅੰਮ੍ਰਿਤਾ ਪ੍ਰੀਤਮ, ਅਜਾਇਬ ਕਮਲ, ਰਵਿੰਦਰ ਰਵੀ, ਦੇਵ, ਸਤੀ ਕੁਮਾਰ ਦੀਆਂ ਕਾਵਿ ਟੂਕਾਂ ਆਪਣੇ ਅਧਿਐਨ ਵਿਚ ਲਿਆਉਂਦੇ ਹੋਏ ਇਸ ਵਾਦ ਦੀ ਪੂਰੀ ਵਿਆਖਿਆ ਕੀਤੀ ਗਈ ਹੈ। 'ਮੈਂ' ਦੀ ਗੱਲ ਇਸ ਕਾਵਿ ਫਲਸਫੇ ਦਾ ਕੇਂਦਰੀ ਨੁਕਤਾ ਹੈ।

*ਮੈਂ ਉਸ ਦਿਨ ਤੋਂ ਲੈ ਕੇ ਅੱਜ ਤੀਕਣ*
*ਜਦੋਂ ਘਰ ਪੈਰ ਰੱਖਦਾ ਹਾਂ*
*ਮੈਂ ਹਰ ਇਕ ਸ਼ਾਮ ਨੂੰ*
*ਮਰਿਆ ਹੋਇਆ ਹੀ ਘਰ ਪਰਤਦਾ ਹਾਂ*
*ਮੈਂ ਆਪਣੀ ਮੌਤ 'ਤੇ ਰੋਂਦਾ ਵੀ ਹਾਂ*
*ਤੇ ਨਾਲੇ ਹੱਸਦਾ ਹਾਂ*
*ਤੇ ਮੈਂ ਅ-ਬਾਬਲਾ ਅੱਜ ਵੀ*
*ਗਰਭ ਦੀ ਜੂਨ ਕੱਟਦਾ ਹਾਂ*

**ਗੁਰਸ਼ਰਨ ਸਿੰਘ**

*(ਸ਼ਿਵ ਕੁਮਾਰ, ਮੈਂ ਤੇ ਮੈਂ ਵਿਚ)*
*ਪੁਰਜ਼ਾ ਪੁਰਜ਼ਾ*
*ਆਪਣੇ ਹਿਰਦੇ*
*ਬਿਖਰ ਗਿਆ ਹਾਂ*
*ਖੰਡਰਾਂ ਵਿਚ ਘਿਰਿਆ*
*ਆਪਣਾ ਅਸਤਿਤਵ ਭਾਲ ਰਿਹਾਂ*
(ਗੁਰਮੇਲ,ਬੇਚੈਨ ਸਦੀ)

ਡਾ. ਮਨਜੀਤ ਸਿੰਘ ਦਾ ਇਸ ਵਾਦ ਬਾਰੇ ਸਾਰੰਸ਼ ਹੈ ਕਿ ਅਸਤਿਤਵਵਾਦ ਸੰਸਾਰ ਸਾਹਿਤ ਅਤੇ ਦਰਸ਼ਨ ਵਿਚ ਵੀਹਵੀਂ ਸਦੀ ਦੇ ਆਰੰਭ ਵਿਚ ਚਰਚਾ ਦਾ ਵਿਸ਼ਾ ਬਣਿਆ। ਅਸਤਿਤਵਵਾਦ ਮਨੁੱਖ ਦੇ ਵਿਅਕਤਿਤਵ ਨਾਲ ਸਬੰਧਤ ਵਾਦ ਕਰਕੇ ਇਸ ਰਾਹੀਂ ਮਨੁੱਖ ਦੀਆਂ ਬਹੁਪਰਤਾਂ ਫਰੋਲਣ ਦਾ ਪਰਯਾਸ ਕਰਦਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਇਸ ਵਾਦ ਦਾ ਪੰਜਾਬੀ ਸਾਹਿਤ ਖੇਤਰ ਵਿਚ ਵੀ ਪ੍ਰਭਾਵ ਪਿਆ। ਪੰਜਾਬੀ ਕਵੀਆਂ ਨੇ ਢੇਰ ਸਾਰੀ ਕਵਿਤਾ ਅਸਤਿਤਵਵਾਦ ਦੇ ਪ੍ਰਭਾਵਾਂ ਅਧੀਨ ਲਿਖੀ ਹੈ ਤੇ ਉਸ ਵਿਚ ਉੱਚ ਪੱਧਰ ਦੀਆਂ ਕਵਿਤਾਵਾਂ ਸ਼ਾਮਲ ਹਨ।

ਡਾਂ. ਮਨਜੀਤ ਸਿੰਘ ਦੀ ਬੜੀ ਘਾਲਣਾ ਨਾਲ ਲਿਖੀ ਇਹ ਪੁਸਤਕ ਜਿਥੇ ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਦਾ ਵਿਸ਼ਲੇਸ਼ਣਾਤਮਕ ਅਧਿਐਨ ਮੁਹੱਈਆ ਕਰਦੀ ਹੈ, ਉਥੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਸਾਹਿਤ ਦੇ ਸੰਜੀਦਾ ਪਾਠਕਾਂ ਅਤੇ ਖਾਸ ਕਰਕੇ ਵਿਦਿਆਰਥੀਆਂ ਲਈ ਕੀਮਤੀ ਤੋਹਫਾ ਹੈ।